# ਬੀ.ਸੀ.ਸੀ.ਡੀ.ਸੀ. ਵੱਲੋਂ ਲੋਕਾਂ ਨੂੰ ਸਰ੍ਹੀ ਦੇ ਏ-1 ਹਰਬਲ ਆਯੂਰਵੈਦਿਕ ਕਲੀਨਿਕ ਤੋਂ ਖ਼ਰੀਦੇ ਪ੍ਰੌਡੱਕਟ ਸੁੱਟਣ ਦੀ ਤਾਕੀਦ

## BCCDC advises public to discard products purchased from A1 Herbal Ayurvedic Clinic in Surrey

28 ਜਨਵਰੀ 2019




ਬੀ.ਸੀ. ਸੈਂਟਰ ਫ਼ੌਰ ਡੀਜ਼ੀਜ਼ ਕੰਟ੍ਰੋਲ (ਬੀ.ਸੀ.ਸੀ.ਡੀ.ਸੀ.) ਵੱਲੋਂ ਬ੍ਰਿਟਿਸ਼ ਕੋਲੰਬੀਆਂ ਦੇ ਲੋਕਾਂ ਨੂੰ ਸਰ੍ਹੀ, ਬੀ.ਸੀ. ਦੇ ਏ-1 ਹਰਬਲ ਆਯੂਰਵੈਦਿਕ ਕਲੀਨਿਕ ਤੋਂ ਖ਼ਰੀਦੇ ਕੋਈ ਵੀ ਪ੍ਰੌਡੱਕਟ ਸੁੱਟਣ ਵਾਸਤੇ ਸਾਵਧਾਨ ਕੀਤਾ ਜਾਂਦਾ ਹੈ ਕਿਉਂਕਿ ਇਨ੍ਹਾਂ ਆਯੂਰਵੈਦਿਕ ਪ੍ਰੌਡੱਕਟਾਂ ਵਿੱਚ ਸਿੱਕਾ (ਲੇਡ) ਅਤੇ ਪਾਰਾ (ਮਰਕਰੀ) ਰਲ਼ੀ ਹੋਈ ਹੈ ਅਤੇ ਇਨ੍ਹਾਂ ਪ੍ਰੌਡੱਕਟਾਂ ਨੂੰ ਵੇਚਣ ਲਈ ਹੈਲਥ ਕੈਨੇਡਾ ਦੁਆਰਾ ਮਨਜ਼ੂਰੀ ਨਹੀਂ ਦਿੱਤੀ ਗਈ।

ਫ਼ਰੇਜ਼ਰ ਹੈਲਥ ਨੇ ਇਨਸਪੈਕਸ਼ਨ ਕਰਨ ਤੋਂ ਬਾਅਦ ਏ-1 ਹਰਬਲ ਆਯੂਰਵੈਦਿਕ ਕਲੀਨਿਕ ਲਿਮ., ਜੋ #31 – 8430 128 ਸਟ੍ਰੀਟ ਸਰ੍ਹੀ, ਬੀ.ਸੀ. ਵਿਖੇ ਸਥਿਤ ਹੈ, ਨੂੰ ਪਬਲਿਕ ਹੈਲਥ ਐਕਟ ਤਹਿਤ ਬੰਦ ਕੀਤੇ ਜਾਣ ਦੇ ਹੁਕਮ ਦਿੱਤੇ ਹਨ। ਹੈਲਥ ਕੈਨੇਡਾ ਨੇ ਕਲੀਨਿਕ ਤੋਂ ਪ੍ਰੌਡੱਕਟ, ਸਮੱਗਰੀ ਅਤੇ ਸਾਜ਼ੋ-ਸਾਮਾਨ ਜ਼ਬਤ ਕਰ ਲਿਆ ਹੈ ਅਤੇ ਲੋਕਾਂ ਨੂੰ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਇਹ ਚੀਜ਼ਾਂ ਗੰਭੀਰ ਖ਼ਤਰਾ ਖੜ੍ਹਾ ਕਰ ਸਕਦੀਆਂ ਹਨ।

ਇਨ੍ਹਾਂ ਚੀਜ਼ਾਂ ਦੀ ਵਰਤੋਂ ਕਾਰਣ ਗੰਭੀਰ ਬਿਮਾਰੀ ਜਾਂ ਮੌਤ ਵੀ ਹੋ ਸਕਦੀ ਹੈ। ਬੀ.ਸੀ.ਸੀ.ਡੀ.ਸੀ. ਨੂੰ ਇਸ ਕਲੀਨਿਕ ਦੇ ਇੱਕ ਗਾਹਕ ਬਾਰੇ ਪਤਾ ਹੈ ਜਿਸ ਨੂੰ ਸਿੱਕੇ (ਲੇਡ) ਦਾ ਜ਼ਹਿਰ ਚੜ੍ਹਨ ਕਾਰਣ ਬਿਮਾਰ ਹੋਇਆ ਹੈ।

ਜੇ ਤੁਸੀਂ ਇਸ ਕਲੀਨਿਕ ਤੋਂ ਕੋਈ ਪ੍ਰੌਡੱਕਟ ਖ਼ਰੀਦੇ ਹਨ ਅਤੇ ਤੁਹਾਨੂੰ ਆਪਣੀ ਸਿਹਤ ਬਾਰੇ ਕੋਈ ਚਿੰਤਾਵਾਂ ਹਨ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨੂੰ ਮਿਲੋ ਅਤੇ ਉਨ੍ਹਾਂ ਨੂੰ ਦੱਸੋ ਕਿ ਤੁਸੀਂ ਕਿਹੜੀਆਂ ਚੀਜ਼ਾਂ ਲੈਂਦੇ ਰਹੇ ਹੋ। ਬੀ.ਸੀ. ਡਰੱਗ ਐਂਡ ਪੁਆਇਜ਼ਨ ਇਨਫ਼ਾਰਮੇਸ਼ਨ ਸੈਂਟਰ ਤੁਹਾਡੇ ਵਿੱਚ ਪਛਾਣ ਕੀਤੀ ਗਈ ਕਿਸੇ ਵੀ ਬਿਮਾਰੀ ਜਾਂ ਟ੍ਰੀਟਮੈਂਟ ਵਾਸਤੇ ਤੁਹਾਡੇ ਡਾਕਟਰ ਨਾਲ ਰਲ਼ ਕੇ ਕੰਮ ਕਰਨ ਲਈ ਉਪਲਬਧ ਹੈ।

ਸਿੱਕੇ (ਲੇਡ) ਦਾ ਜ਼ਹਿਰ ਫੈਲਣ ਦੇ ਲੱਛਣਾਂ ਵਿੱਚ ਸ਼ਾਮਲ ਹਨ:

- ਖ਼ੂਨ ਦੀ ਕਮੀ
- ਸਿਰਦਰਦ/ਚਿੜਚਿੜਾਪਨ/ਸੋਚਣ ਸ਼ਕਤੀ ਧੀਮੀ ਹੋ ਜਾਣੀ
- ਕਬਜ਼
- ਢਿੱਡ ਵਿੱਚ ਦਰਦ
- ਗਰਭਪਾਤ (ਮਿਸਕੈਰਿਜ) ਹੋਣਾ/ਬੱਚਾ ਮਰਿਆ ਹੋਇਆ ਪੈਦਾ ਹੋਣਾ

ਜ਼ਿਆਦਾਤਰ ਆਯੁਰਵੈਦਿਕ ਪ੍ਰੌਡੱਕਟ ਅਤੇ ਹੋਰ ਰਿਵਾਇਤੀ ਦਵਾਈਆਂ ਅਤੇ ਉਨ੍ਹਾਂ ਦੀਆਂ ਸਮੱਗਰੀਆਂ ਬਾਹਰਲੇ ਮੁਲਕਾਂ ਤੋਂ ਮੰਗਵਾਈਆਂ ਜਾਂਦੀਆਂ ਹਨ। ਜਿੱਥੇ ਕਈ ਪ੍ਰੌਡੱਕਟ ਸੁਰੱਖਿਅਤ ਢੰਗ ਨਾਲ ਇਸਤੇਮਾਲ ਕੀਤੇ ਜਾ ਸਕਦੇ ਹਨ, ਉੱਥੇ ਹੀ ਕਈਆਂ ਵਿੱਚ ਅਜਿਹੀਆਂ ਸਮੱਗਰੀਆਂ ਹੁੰਦੀਆਂ ਹਨ ਜਿਨ੍ਹਾਂ ਦਾ ਚੰਗੀ ਤਰ੍ਹਾਂ ਵਰਣਨ ਨਹੀਂ ਕੀਤਾ ਹੁੰਦਾ ਜਾਂ ਉਨ੍ਹਾਂ ਬਾਰੇ ਲੇਬਲ ਉੱਪਰ ਲਿਖਿਆ ਨਹੀਂ ਹੁੰਦਾ। ਇੰਝ ਇਹ ਜਾਣਨਾ ਔਖਾ ਹੋ ਜਾਂਦਾ ਹੈ ਕਿ ਉਨ੍ਹਾਂ ਦਾ ਤੁਹਾਡੀ ਸਿਹਤ ਉੱਪਰ ਕੀ ਅਸਰ ਪਵੇਗਾ।

ਜੇ ਤੁਹਾਨੂੰ ਖ਼ਦਸ਼ਾ ਹੈ ਕਿ ਕੋਈ ਰਿਵਾਇਤੀ ਦਵਾਈ ਖਾਣ ਕਾਰਣ ਤੁਹਾਨੂੰ ਕੋਈ ਤਕਲੀਫ਼ ਹੋ ਰਹੀ ਹੈ ਤਾਂ ਕਿਰਪਾ ਕਰਕੇ ਡਾਕਟਰੀ ਮਦਦ ਲਓ ਅਤੇ ਆਪਣੇ ਡਾਕਟਰ ਨੂੰ ਦੱਸੋ ਕਿ ਤੁਸੀਂ ਸਿਹਤ ਸੰਬੰਧੀ ਕਿਹੜੇ ਪ੍ਰੌਡੱਕਟ ਇਸਤੇਮਾਲ ਕਰ ਰਹੇ ਹੋ। ਤੁਸੀਂ ਸਿਹਤ ਸੰਬੰਧੀ ਕਿਸੇ ਵੀ ਪ੍ਰੌਡੱਕਟ ਦੇ ਮਾੜੇ ਪ੍ਰਭਾਵਾਂ ਜਾਂ ਸ਼ਿਕਾਇਤਾਂ ਬਾਰੇ ਹੈਲਥ ਕੈਨੇਡਾ ਨੂੰ ਸੂਚਿਤ ਕਰ ਸਕਦੇ ਹੋ।

ਹੈਲਥ ਕੈਨੇਡਾ ਦੀ ਖ਼ਤਰਿਆਂ ਸੰਬੰਧੀ ਚੇਤਾਵਨੀ ਪੜ੍ਹੋ।

ਜੇ ਤੁਹਾਡੇ ਕੋਈ ਸਵਾਲ ਹਨ ਜਾਂ ਤੁਹਾਨੂੰ ਕੋਈ ਜ਼ਿਆਦਾ ਜਾਣਕਾਰੀ ਚਾਹੀਦੀ ਹੈ ਤਾਂ ਕਿਰਪਾ ਕਰਕੇ ਫ਼ਰੇਜ਼ਰ ਹੈਲਥ ਦੇ ਸਰ੍ਹੀ ਪ੍ਰੋਟੈਕਸ਼ਨ ਦਫ਼ਤਰ ਨੂੰ (604) 930-5405 ਲੋਕਲ 765612 ’ਤੇ ਸੰਪਰਕ ਕਰੋ।

ਪ੍ਰੋਵਿੰਸ਼ੀਅਲ ਹੈਲਥ ਸਰਵਿਸਿਜ਼ ਅਥਾਰਿਟੀ ਦੇ ਹਿੱਸੇ, **ਬੀ.ਸੀ. ਸੈਂਟਰ ਫ਼ੌਰ ਡੀਜ਼ੀਜ਼ ਕੰਟ੍ਰੋਲ** ਵੱਲੋਂ ਨਿਗਰਾਨੀ, ਸੂਹ, ਟ੍ਰੀਟਮੈਂਟ, ਰੋਕਥਾਮ ਅਤੇ ਸਲਾਹਕਾਰ ਸੇਵਾਵਾਂ ਰਾਹੀਂ ਜਨਤਾ ਦੀ ਸਿਹਤ ਵਾਸਤੇ ਅਗਵਾਈ ਕੀਤੀ ਜਾਂਦੀ ਹੈ। ਸੈਂਟਰ ਵੱਲੋਂ ਸਮੁੱਚੀ ਜਨਤਾ ਦੀ ਸਿਹਤ ਲਈ ਮਹੱਤਵ ਰੱਖਣ ਵਾਲਿਆਂ ਬਿਮਾਰੀਆਂ ਦੇ ਮਰੀਜ਼ਾਂ ਨੂੰ ਤਸ਼ਖ਼ੀਸੀ ਅਤੇ ਟ੍ਰੀਟਮੈਂਟ ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ ਅਤੇ ਸਰਕਾਰ ਅਤੇ ਸਹਿਤ ਅਥਾਰਿਟੀਆਂ ਦੇ ਹਰ ਪੱਧਰ ਨੂੰ ਵਿਸ਼ਲੇਸ਼ਣੀ ਅਤੇ ਨਿਤੀ ਸੰਬੰਧੀ ਸਹਾਇਤਾ ਪ੍ਰਦਾਨ ਕੀਤੀ ਜਾਂਦੀ ਹੈ। ਚਿਰਕਾਲੀਨ ਬਿਮਾਰੀਆਂ ਅਤੇ ਰੋਕਥਾਮ-ਯੋਗ ਸੱਟਾਂ ਦੀ ਪਰੇਸ਼ਾਨੀ ਘਟਾਉਣ ਲਈ ਬੀ.ਸੀ.ਸੀ.ਡੀ.ਸੀ. ਸਿਹਤ ਪ੍ਰਚਾਰ ਅਤੇ ਰੋਕਥਾਮ ਸੇਵਾਵਾਂ ਵੀ ਪ੍ਰਦਾਨ ਕਰਦੀ ਹੈ। ਜ਼ਿਆਦਾ ਜਾਣਕਾਰੀ ਲਈ www.bccdc.ca ’ਤੇ ਜਾਓ ਜਾਂ ਸਾਨੂੰ Twitter ਉੱਪਰ @CDCofBC ’ਤੇ ਫ਼ਾਲੋ ਕਰੋ।

**ਪ੍ਰੋਵਿੰਸ਼ੀਲ ਹੈਲਥ ਸਰਵਿਸਿਜ਼ ਅਥਾਰਿਟੀ** (ਪੀ.ਐੱਚ.ਐੱਸ.ਏ.) ਬੀ.ਸੀ. ਭਰ ਵਿੱਚ ਚੋਣਵੀਆਂ ਮਾਹਰਾਨਾ ਸਿਹਤ ਸੰਭਾਲ ਸੇਵਾਵਾਂ ਦਾ ਪ੍ਰਬੰਧ ਅਤੇ ਮੁਲਾਂਕਣ ਕਰਦੀ ਹੈ ਅਤੇ ਬ੍ਰਿਟਿਸ਼ ਕੋਲੰਬੀਆ ਦੇ ਲੋਕਾਂ ਦੀ ਸਿਹਤ ਸੁਧਾਰਨ ਲਈ ਸੂਬੇ ਭਰ ਵਿੱਚ ਉਪਾਅ ਪ੍ਰਦਾਨ ਕਰਨ ਲਈ ਪੰਜ ਖੇਤਰੀ ਸਿਹਤ ਅਥਾਰਿਟੀਆਂ ਨਾਲ ਰਲ਼ ਕੇ ਕੰਮ ਕਰਦੀ ਹੈ। ਵਧੇਰੇ ਜਾਣਕਾਰੀ ਲਈ www.phsa.ca ’ਤੇ ਜਾਓ ਜਾਂ ਸਾਨੂੰ Twitter ਉੱਪਰ @PHSAofBC ’ਤੇ ਫ਼ਾਲੋ ਕਰੋ।

**ਮੀਡੀਆ ਸੰਪਰਕ:**
**Media contact:**

Heather Amos (ਹੈਦਰ ਐਮੋਸ)
ਬੀ.ਸੀ.ਸੀ.ਡੀ.ਸੀ. ਕਮਿਊਨੀਕੇਸ਼ਨਜ਼
604.707.2412
ਜਾਂ ਪੀ.ਐੱਚ.ਐੱਸ.ਏ. ਮੀਡੀਆ ਲਾਈਨ: 778.867.7472
heather.amos@phsa.ca